*Summative Assessment- I*

# ਪੰਜਾਬੀ
## ਜਮਾਤ ਨੌਵੀਂ

* *Please check that this question paper contains **8** printed pages.*
* *Please check that this question paper contains **12** questions*
* ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ **ਸਹੀ ਵਿਕਲਪ** ਚੁਣ ਕੇ **ਉੱਤਰ ਪੁਸਤਿਕਾ ਵਿੱਚ** ਲਿਖੋ।
* ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

*Time allowed : 2-1/2 hours* — *Maximum Marks : 80*

*ਸਮਾਂ ੨-੧/੨ ਘੰਟੇ* — *ਅੰਕ 80*

*ਪਾਠ ਪੁਸਤਕਾਂ — ਸਾਹਿਤ ਦੀਪਿਕਾ, ਸਾਹਿਤਕ ਵੰਨਗੀਆਂ*

| | | | |
|---|---|---|---|
| (ੳ) | ਗਿਆਨ ਤੇ ਵਿਚਾਰ | 2x5=10 | ਬਹੁ ਵਿਕਲਪੀ ਪ੍ਰਸ਼ਨ |
| (ਅ) | ਵਿਆਕਰਨ | 5x4=20 | ਬਹੁ ਵਿਕਲਪੀ ਪ੍ਰਸ਼ਨ |
| (ੲ) | ਪਾਠ ਪੁਸਤਕਾਂ | 20+10+10=40 | ਛੋਟੇ ਉੱਤਰ ਵਾਲੇ ਪ੍ਰਸ਼ਨ, ਲੰਮੇ ਉੱਤਰ ਵਾਲੇ ਪ੍ਰਸ਼ਨ, ਬਹੁ ਵਿਕਲਪੀ ਪ੍ਰਸ਼ਨ |
| (ਸ) | ਲਿਖਤੀ | 5+5=10 | ਲੰਮੇ ਉੱਤਰ ਵਾਲੇ ਪ੍ਰਸ਼ਨ |

***ਨੋਟ—80 ਅੰਕ ਦੇ ਲਿਖਤੀ ਪ੍ਰਸ਼ਨ-ਪੱਤਰ ਨੂੰ ਮੁਲੰਕਣ ਦੇ ਬਾਅਦ 20 ਅੰਕਾਂ ਵਿੱਚ ਬਦਲ ਲਿਆ ਜਾਵੇਗਾ।***

## (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ) **2x5=10**

*(1)* ਨਸ਼ਿਆਂ ਦੀ ਗਲਤ ਪ੍ਰਵਿਰਤੀ ਵਿਅਕਤੀ ਨੂੰ ਆਰਥਕ ਤੇ ਸਰੀਰਕ ਤੌਰ ਤੇ ਬਰਬਾਦ ਕਰਕੇ ਰੱਖ ਦਿੰਦੀ ਹੈ, ਇਸ ਕਰਕੇ ਨੌਜਵਾਨ ਵਰਗ ਨੂੰ ਇਸ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ। ਕਈ ਨੌਜਵਾਨ ਪੜ੍ਹਾਈ ਦੇ ਲਈ ਲੋੜੀਂਦੇ ਜ਼ਰੂਰੀ ਸਾਧਨਾਂ ਦੀ ਘਾਟ ਦਾ ਹਵਾਲਾ ਦੇ ਕੇ ਮਿਹਨਤ ਕਰਨ ਤੋਂ ਭੱਜਦੇ ਰਹਿੰਦੇ ਹਨ ਤੇ ਕਈ "ਅੱਜ ਲਾਈਟ ਬੰਦ ਰਹੀ", 'ਮੂਡ ਨਹੀਂ ਹੈ', 'ਕੱਲ੍ਹ ਕਰ ਲਵਾਂਗੇ' ਦਾ ਬਹਾਨਾ ਬਣਾ ਕੇ ਮਿਹਨਤ ਤੋਂ ਮੂੰਹ ਮੋੜ ਲੈਂਦੇ ਹਨ ਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ, ਜਿੱਥੋਂ ਇਨ੍ਹਾਂ ਦਾ ਫਿਰ ਨਿਕਲਣਾ ਔਖਾ ਹੋ ਜਾਂਦਾ ਹੈ। ਅਜਿਹੇ ਨੌਜਵਾਨਾਂ ਨੂੰ ਇਬਰਾਹੀਮ ਲਿੰਕਨ ਤੇ ਚਾਰਲੀ ਚੈਪਲਿਨ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਇਬਰਾਹੀਮ ਲਿੰਕਨ ਜੋ ਘਰ ਦੀਆਂ ਤੰਗੀਆਂ ਦੇ ਬਾਵਜੂਦ ਰੇਤ ਨੂੰ ਸਲੇਟ ਤੇ ਉਂਗਲੀ ਨੂੰ ਕਲਮ ਬਣਾ ਕੇ, ਸਟਰੀਟ ਲਾਈਟ ਦੀ ਰੌਸ਼ਨੀ ਵਿੱਚ ਪੜ੍ਹ ਕੇ ਸਭ ਤੋਂ ਉੱਚੇ ਅਹੁਦੇ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਉਸਨੇ ਅਵੇਸਲੇਪਨ ਦਾ ਤਿਆਗ ਕੀਤਾ ਅਤੇ ਪੱਕੇ ਇਰਾਦੇ ਤੇ ਮਿਹਨਤ ਦੇ ਬਲਬੂਤੇ 'ਤੇ ਸਫਲਤਾ ਪ੍ਰਾਪਤ ਕੀਤੀ।

***(1) ਵਿਅਕਤੀ ਨੂੰ ਬਰਬਾਦ ਕਰਨ ਵਿੱਚ ਸਭ ਤੋਂ ਵੱਧ ਕੌਣ ਸਹਾਇਕ ਹੈ?***

(ੳ) ਨਸ਼ਾ — (ਅ) ਪੈਸਾ

(ੲ) ਆਲਸ — (ਸ) ਗਰੀਬੀ

***(2) ਮਿਹਨਤ ਤੋਂ ਮੂੰਹ ਮੋੜ ਕੇ ਨੌਜਵਾਨ ਕਿਸ ਵੱਲ ਵੱਧਦੇ ਹਨ—***

(ੳ) ਧਰਮ — (ਅ) ਮਜ਼ਦੂਰੀ

(ੲ) ਨਸ਼ੇ — (ਸ) ਦੋਸਤੀ

*(3) ਲਿੰਕਨ ਸਲੇਟ ਤੇ ਕਲਮ ਕਿਸ ਨੂੰ ਬਣਾ ਕੇ ਵਰਤਦਾ ਸੀ—*

(ੳ) ਬਲੈਕਬੋਰਡ ਅਤੇ ਚਾਕ (ਅ) ਕਾਪੀ ਅਤੇ ਪੈਨਸਿਲ

(ੲ) ਰੇਤ ਅਤੇ ਉਂਗਲੀ (ਸ) ਜ਼ਮੀਨ ਅਤੇ ਕੋਇਲਾ

*(4) ਇਬਰਾਹੀਮ ਲਿੰਕਨ ਕਿਸ ਉੱਚੇ ਅਹੁਦੇ 'ਤੇ ਪਹੁੰਚਿਆ—*

(ੳ) ਪ੍ਰਧਾਨਮੰਤਰੀ (ਅ) ਮੁੱਖਮੰਤਰੀ

(ੲ) ਉਪਰਾਸ਼ਟਰਪਤੀ (ਸ) ਰਾਸ਼ਟਰਪਤੀ

*(5) ਸਫਲਤਾ ਪ੍ਰਾਪਤ ਕਰਨ ਲਈ ਕਿਸ ਚੀਜ਼ ਦੀ ਲੋੜ ਹੁੰਦੀ ਹੈ—*

(ੳ) ਲਗਨ ਅਤੇ ਸਾਧਨ (ਅ) ਦ੍ਰਿੜ ਇਰਾਦਾ ਅਤੇ ਮਿਹਨਤ

(ੲ) ਸਿਫਾਰਸ਼ ਅਤੇ ਚਾਪਲੂਸੀ (ਸ) ਥੋੜੀ ਬਹੁਤ ਮਿਹਨਤ ਅਤੇ ਸਿਫਾਰਸ਼

*(2)* ਝੂਠ ਬੋਲਣਾ ਪਾਪ ਮੰਨਿਆ ਜਾਂਦਾ ਹੈ ਤੇ ਸੱਚ ਬੋਲਣਾ ਇੱਕ ਵੱਡਾ ਧਰਮ। ਇਸ ਸਿੱਟੇ ਨੂੰ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਕੋਈ ਸਮਝਦਾਰ ਮਨੁੱਖ ਖੰਡਨ ਕਰਨ ਦਾ ਯਤਨ ਭਲਾ ਕਿਉਂ ਕਰੇਗਾ? ਪਰ ਫੇਰ ਇਸ ਸਿਧਾਂਤ ਬਾਰੇ ਕਈ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਆਖੇ ਬਿਨਾਂ ਜੁਬਾਨ ਨਹੀਂ ਰੁਕਦੀ ਤੇ ਜਿਹਨਾਂ ਨੂੰ ਵਰਣਨ ਕਰਨਾ ਮਨੁੱਖੀ ਸੋਝੀ ਦੇ ਵਾਧੇ ਲਈ ਜ਼ਰੂਰੀ ਹੈ, ਭਾਵੇਂ ਉਹਨਾਂ ਨੂੰ ਸਦਾਚਾਰ ਲਈ ਹਾਨੀਕਾਰਕ ਹੀ ਗਿਣਿਆ ਜਾਵੇ। ਝੂਠ ਮਿੱਠਾ ਹੁੰਦਾ ਹੈ, ਇਸ ਨੂੰ ਬਜ਼ੁਰਗਾਂ ਨੇ ਮੰਨਿਆ ਹੈ। ਸਿਆਣਿਆਂ ਦਾ ਕਥਨ ਹੈ, ਸੱਚ ਕਹੋ ਅਤੇ ਮੂਰਖ ਨੂੰ ਮੂਰਖ ਕਹੋ ਤਾਂ ਉਹ ਸੁਣਕੇ ਕ੍ਰੋਧਵਾਨ ਹੋਵੇਗਾ ਤੇ ਸਮਰੱਥਾ ਅਨੁਸਾਰ ਏਸ ਮਨਭਾਉਂਦੇ ਸੱਚ ਬੋਲਣ ਵਾਲੇ ਨੂੰ ਕਸ਼ਟ ਦੇਣ ਦਾ ਯਤਨ ਕਰੇਗਾ। ਏਸੇ ਲਈ ਪੁਰਾਣੇ ਸਮਿਆਂ ਵਿੱਚ ਜਦ ਕਦੀ ਰਾਜਿਆਂ ਤੇ ਰਾਣੀਆਂ ਨੂੰ ਉਹਨਾਂ ਦੀ ਕੋਈ ਗਲਤੀ ਦੀ ਚੇਤਵਾਨੀ ਦੇਣੀ ਹੁੰਦੀ ਸੀ ਤਾਂ ਉਹਨਾਂ ਦੇ ਦਰਬਾਰੀ ਨਿਕਟਵਰਤੀ ਕਿਸੇ ਸੁੰਦਰ ਜਾਂ ਮਨੋਰੰਜਕ ਝੂਠੇ ਸਵਾਂਗਾਂ ਰਾਹੀਂ ਉਹਨਾਂ ਦਾ ਧਿਆਨ ਇਸ ਪਾਸੇ ਖਿੱਚਦੇ ਸਨ।

*(1) ਉਪਰੋਕਤ ਪੈਰੇ ਵਿਚ ਝੂਠ ਬੋਲਣ ਨੂੰ ਕੀ ਸਮਝਿਆ ਗਿਆ ਹੈ?*

(ੳ) ਪਾਪ (ਅ) ਸਦਾਚਾਰ

(ੲ) ਦਿਖਾਵਾ (ਸ) ਵਧੀਆ

*(2) ਸਿਆਣਿਆਂ ਅਨੁਸਾਰ 'ਝੂਠ' ਕਿਸ ਵਰਗਾ ਹੁੰਦਾ ਹੈ?*

(ੳ) ਮਿਰਚਾਂ (ਅ) ਗੁੜ

(ੲ) ਹਲਦੀ (ਸ) ਚੀਨੀ

*(3) ਪਿਛਲੇ ਸਮੇਂ ਵਿੱਚ ਕਿਸੇ ਦੀ ਭੁੱਲ ਨੂੰ ਕਿਵੇਂ ਚਿਤਾਰਿਆ ਜਾਂਦਾ ਸੀ?*

(ੳ) ਪ੍ਰਦਰਸ਼ਨ ਕਰਕੇ (ਅ) ਸੇਵਾ ਕਰਕੇ

(ੲ) ਝੂਠੇ ਸਵਾਂਗਾਂ ਨਾਲ (ਸ) ਗੀਤ ਗਾ ਕੇ

*(4) ਮਨੁੱਖ ਦਾ ਵੱਡਾ ਧਰਮ ਕੀ ਹੈ?*

(ੳ) ਸੱਚ ਬੋਲਣਾ (ਅ) ਝੂਠ ਬੋਲਣਾ

(ੲ) ਗੱਪਾਂ ਮਾਰਨਾ (ਸ) ਚੁਗਲੀ ਕਰਨਾ

*(5) ਰਾਜਿਆਂ ਤੇ ਰਾਣੀਆਂ ਸੰਬੰਧੀ ਕਿਹੜੇ ਸਮੇਂ ਦੀ ਗੱਲ ਕੀਤੀ ਗਈ ਹੈ?*

(ੳ) ਪੁਰਾਣੇ ਸਮਿਆਂ ਦੀ (ਅ) ਥੋੜੇ ਦਿਨ ਪਹਿਲਾਂ ਦੀ

(ੲ) ਵਰਤਮਾਨ ਕਾਲ ਦੀ (ਸ) ਭਵਿੱਖਤ ਕਾਲ ਦੀ

## (ਅ) ਵਿਆਕਰਨ

**5x4=20**

(1) *(i) ਸਹੀ ਸ਼ਬਦ ਜੋੜ ਕਿਹੜਾ ਹੈ?*

(ੳ) ਭੈਨ (ਅ) ਭੈੜ

(ੲ) ਬੈਨ (ਸ) ਭੈਣ

*(ii) ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਚੁਣ ਕੇ ਸਹੀ ਦਾ ਨਿਸ਼ਾਨ ਲਾਓ—*

(ੳ) ਅੰਮ੍ਰਿਤਸਰ (ਅ) ਅਮ੍ਰਤਸਰ

(ੲ) ਅੰਬਰਸਰ (ਸ) ਅਮ੍ਰੀਤਸਰ

*(iii) ਸਹੀ ਸ਼ਬਦ ਜੋੜ ਦੱਸੋ—*

(ੳ) ਵਿਦਿਆਲਯ (ਅ) ਵਿਦਿਆਲੇਅ

(ੲ) ਵਿਦਿਆਲਾ (ਸ) ਵਿਧਾਲਾ

*(iv) ਸਹੀ ਸ਼ਬਦ ਜੋੜ ਕਿਹੜਾ ਹੈ?*

(ੳ) ਉਸਦਾ (ਅ) ੳਸਦਾ

(ੲ) ਔਸਦਾ (ਸ) ਔਂਸਦਾ

(2) *(i) 'ਅਦਭੁਤ' ਦਾ ਵਿਰੋਧੀ ਕੀ ਹੈ?*

(ੳ) ਅਲੌਕਿਕ (ਅ) ਅਸਚਰਜ

(ੲ) ਅਨੌਖਾ (ਸ) ਸਾਧਾਰਨ

*(ii) ਮੇਰਾ ਗਿਲਾਸ ਊਣਾ ਹੈ ਪਰ ਤੇਰਾ..........ਹੋਇਆ।*

(ੳ) ਅਧੂਰਾ (ਅ) ਅਪੂਰਨ

(ੲ) ਭਰਿਆ (ਸ) ਨਾ ਮੁਕੰਮਲ

*(iii) 'ਔਖਾ' ਸ਼ਬਦ ਦਾ ਸਮਾਨਾਰਥਕ ਹੈ—*

(ੳ) ਮੁਸ਼ਕਲ (ਅ) ਸੌਖਾ

(ੲ) ਸੁਗਮਤਾ (ਸ) ਸਰਲ

*(iv) 'ਮਾਨ' ਸ਼ਬਦ ਲਈ ਹੋਰ ਕੀ ਸ਼ਬਦ ਵਰਤਿਆ ਜਾ ਸਕਦਾ ਹੈ—*

(ੳ) ਨਿਰਾਦਰ (ਅ) ਅਪਮਾਨ

(ੲ) ਆਦਰ (ਸ) ਤਿਰਸਕਾਰ

(3) *(i) 'ਪੰਜਾਬ' ਕਿਹੜਾ ਨਾਂਵ ਹੈ—*

(ੳ) ਭਾਵਵਾਚਕ ਨਾਂਵ (ਅ) ਆਮ ਨਾਂਵ

(ੲ) ਖਾਸ ਨਾਂਵ (ਸ) ਵਸਤਵਾਚਕ ਨਾਂਵ

*(ii) 'ਉਹ ਘੜੀ ਲਿਆਓ ਜਿਹੜੀ ਚਾਚਾ ਜੀ ਨੇ ਲੈ ਕੇ ਦਿੱਤੀ ਸੀ।' ਵਾਕ ਵਿੱਚ ਪੜਨਾਂਵ ਕਿਹੜਾ ਹੈ?*

(ੳ) ਘੜੀ (ਅ) ਉਹ

(ੲ) ਜਿਹੜੀ (ਸ) ਚਾਚਾ ਜੀ

*(iii) 'ਮਿਹਨਤੀ ਵਿਅਕਤੀ ਨੂੰ ਕਦੇ ਵੀ ਅਸਫਲਤਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ।' ਵਾਕ ਵਿਚ ਵਿਸ਼ੇਸ਼ਣ ਹੈ—*

(ੳ) ਵਿਅਕਤੀ (ਅ) ਮਿਹਨਤੀ

(ੲ) ਅਸਫਲਤਾ (ਸ) ਸਾਹਮਣਾ

*(iv) 'ਮੈਨੂੰ ਦੋ ਕਿਲੋ ਦੁੱਧ ਚਾਹੀਦਾ ਹੈ' ਵਾਕ ਵਿੱਚ 'ਦੋ ਕਿਲੋ' ਕਿਹੜਾ ਵਿਸ਼ੇਸਣ ਹੈ?*

(ੳ) ਪੜਨਾਂਵੀ ਵਿਸ਼ੇਸ਼ਣ (ਅ) ਗਿਣਤੀਵਾਚਕ ਵਿਸ਼ੇਸ਼ਣ

(ੲ) ਗੁਣਵਾਚਕ ਵਿਸ਼ੇਸ਼ਣ (ਸ) ਪਰਿਮਾਣਵਾਚਕ ਵਿਸ਼ੇਸ਼ਣ

*(4)(i) 'ਬੇਬੇ' ਦਾ ਪੁਲਿੰਗ ਰੂਪ ਹੈ—*

(ੳ) ਬੀਬੀ (ਅ) ਬੀਬਾ

(ੲ) ਬਾਪੂ (ਸ) ਬੀਵੀ

*(ii) ਜਿਸ ਸ਼ਬਦ ਤੋਂ ਪੁਰਖ ਜਾਤੀ ਦਾ ਪਤਾ ਲੱਗੇ, ਉਸਨੂੰ ਕੀ ਕਹਿੰਦੇ ਹਨ?*

(ੳ) ਲਿੰਗ-ਪੁਲਿੰਗ (ਅ) ਪੁਲਿੰਗ

(ੲ) ਇਸਤਰੀ ਲਿੰਗ (ਸ) ਵਿਰੋਧੀ ਸ਼ਬਦ

*(iii) 'ਨੂੰ' ਕਿਹੜਾ ਕਾਰਕ ਚਿੰਨ੍ਹ ਹੈ—*

(ੳ) ਅਪਾਦਾਨ ਕਾਰਕ (ਅ) ਕਰਤਾ ਕਾਰਕ

(ੲ) ਕਰਨ ਕਾਰਕ (ਸ) ਕਰਮ ਕਾਰਕ

*(iv) 'ਵਿਦਿਆਰਥੀ ਜਮਾਤ ਵਿੱਚ ਹਾਜ਼ਰ ਸੀ' ਵਾਕ ਵਿੱਚੋਂ ਕਾਰਕ ਲੱਭੋ—*

(ੳ) ਵਿਦਿਆਰਥੀ (ਅ) ਜਮਾਤ

(ੲ) ਜਮਾਤ ਵਿੱਚ (ਸ) ਹਾਜਰ ਸੀ

*(5)(i) 'ਗੁਜਾਰਾ ਚਲਾਉਣਾ' ਅਰਥ ਕਿਸ ਮੁਹਾਵਰੇ ਦਾ ਹੈ—*

(ੳ) ਘੋੜੇ ਵੇਚ ਕੇ ਸੌਣਾ (ਅ) ਆਈ ਚਲਾਈ ਕਰਨੀ

(ੲ) ਅੱਗ ਦੇ ਭਾਅ ਹੋਣਾ (ਸ) ਹੱਥ ਆਉਣਾ

*(ii) 'ਉੱਨ ਲਾਹੁਣੀ' ਦਾ ਅਰਥ ਹੈ—*

(ੳ) ਭੇਡ ਮੁੰਨਣੀ (ਅ) ਖੂਬ ਲੁੱਟਣਾ

(ੲ) ਉੱਨ ਨਾਲ ਬੁਣਤੀ ਕਰਨੀ (ਸ) ਉਂਗਲਾਂ ਤੇ ਗਿਣਨਾ

*(iii) 'ਡਾਕੂਆਂ ਨੂੰ ਦੇਖ ਕੇ ਯਾਤਰੀ ਦਾ...............ਗਿਆ।' ਵਾਕ ਪੂਰਾ ਕਰੋ—*

(ੳ) ਅੱਖਾਂ ਤੇ ਪੱਟੀ ਬੰਨ੍ਹਣਾ (ਅ) ਹੱਥ ਤੰਗ ਹੋਣਾ

(ੲ) ਆਹੂ ਲਾਹੁਣੇ (ਸ) ਸਾਹ ਸੁੱਕ ਜਾਣਾ

*(iv) 'ਸੱਪ ਸੁੰਘ ਜਾਣਾ' ਦਾ ਅਰਥ ਹੈ—*

(ੳ) ਦੌੜ ਜਾਣਾ (ਅ) ਮਰ ਜਾਣਾ

(ੲ) ਸਹਿਮ ਜਾਣਾ (ਸ) ਬੇਹੋਸ਼ ਹੋ ਜਾਣਾ

## (ੲ) ਪਾਠ ਪੁਸਤਕਾਂ ਤੇ ਆਧਾਰਿਤ—

**20+10+10=40**

### (1) ਛੋਟੇ ਉੱਤਰ ਵਾਲੇ ਪ੍ਰਸ਼ਨ—

(1) ਕੀ ਭੂਆ ਵੀਰਾਂਵਾਲੀ ਲਾਜ ਨੂੰ ਸਾਂਭਣਾ ਚਾਹੁੰਦੀ ਸੀ? ਉਹ ਉਹਨੂੰ ਛੱਡ ਕੇ ਕਿਉਂ ਚਲੀ ਗਈ?

(2) ਗ਼ਫ਼ੂਰ ਪਠਾਣ ਨੂੰ ਵੇਖ ਕੇ ਬੱਚੇ ਕਿਉਂ ਲੁੱਕ ਜਾਂਦੇ ਸਨ?

(3) ਗ਼ਫ਼ੂਰ ਕੁੜੀ ਨੂੰ ਚੁੱਕ ਕੇ ਕਿਉਂ ਲੈ ਗਿਆ ਸੀ?

(4) ਹਰੀ ਸਿੰਘ ਨਲਵਾ ਦੇ ਪਿਤਾ ਨੇ ਉਸ ਲਈ ਕਿਹੋ ਜਿਹੀ ਵਿੱਦਿਆ ਦਾ ਪ੍ਰਬੰਧ ਕੀਤਾ?

(5) ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲਵਾ ਦੇ ਜ਼ਿੰਮੇ ਕੀ ਵਿਸ਼ੇਸ਼ ਕਾਰਜ ਲਾਇਆ?

(6) ਹਰੀ ਸਿੰਘ ਨਲਵਾ ਕਿਹੜੀਆਂ ਉੱਚ ਪਦਵੀਆਂ ਤੇ ਰਿਹਾ?

(7) ਹਰੀ ਸਿੰਘ ਨਲਵਾ ਸ਼ਹੀਦ ਕਿਵੇਂ ਹੋਇਆ?

(8) ਸ਼ਿਵਨਾਭਿ ਦੀ ਨਗਰੀ ਵਿੱਚ ਸ਼ਾਹ ਦਾ ਨਿਤਨੇਮ ਕੀ ਸੀ?

(9) ਮਾਣਕ ਦਾ ਰਿਸ਼ਤਾ ਕਿਉਂ ਛੁੱਟਣ ਲੱਗਿਆ ਸੀ?

(10) 'ਖ਼ਾਕ ਨੂੰ ਕਿਉਂ ਨਹੀਂ ਨਿੰਦਣਾ ਚਾਹੀਦਾ', 'ਛੋਟੀਆਂ ਗੱਲਾਂ' ਪਾਠ ਦੇ ਆਧਾਰ ਤੇ ਦੱਸੋ।

### (2) ਲੰਮੇ ਉੱਤਰ ਵਾਲੇ ਪ੍ਰਸ਼ਨ

1. ਭਾਗੀਰਥ ਲਾਹੌਰ ਕਿਉਂ ਗਿਆ? ਮਨਸੁਖ ਸ਼ਾਹ ਭਾਗੀਰਥ ਦੀ ਕਿਸ ਗੱਲ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਦੀ ਸ਼ਰਨ ਆਇਆ?

**ਜਾਂ**

'ਦੁਨੀਆਂ ਵਿੱਚ ਛੋਟੀ ਗੱਲ ਕੋਈ ਨਹੀਂ'—ਕਮਲਾ ਅਕਾਲੀ ਦੇ ਇਸ ਕਥਨ ਬਾਰੇ ਆਪਣੇ ਵਿਚਾਰ ਵਿਸਤਾਰ ਸਹਿਤ ਬਿਆਨ ਕਰੋ।

2. ਲੋਕ ਰਾਂਝੇ ਜੋਗੀ ਬਾਰੇ ਕੀ-ਕੀ ਆਖਦੇ ਹਨ? ਜੋਗੀ ਬਾਰੇ ਗੱਲਾਂ ਸੁਣ ਕੇ ਹੀਰ ਨਨਾਣ ਨੂੰ ਕੀ ਉੱਤਰ ਦਿੰਦੀ ਹੈ?

**ਜਾਂ**

ਮਹਿਖਾਸੁਰ ਨੂੰ ਮਾਰਨ ਲਈ ਦੁਰਗਾ ਦੀ ਵਾਹੀ ਤੇਗ ਅਤੇ ਉਸਦੀ ਮਾਰ ਦਾ ਬਿਆਨ ਵਿਸਤਾਰ ਸਹਿਤ ਕਰੋ।

### (3) ਬਹੁ ਵਿਕਲਪੀ ਪ੍ਰਸ਼ਨ

**(1)** ਅਵੱਲ ਤਾਂ ਸਰਕਾਰ ਨੂੰ ਪਤਾ ਹੀ ਨਹੀਂ ਲੱਗਣ ਦੇਣਾ ਚਾਹੀਦਾ ਕਿ ਕੋਈ ਬਾਗ਼ੀ ਸਾਡੇ ਸੰਬੰਧੀ ਹਨ ਜੇ ਪਤਾ ਲੱਗ ਹੀ ਜਾਏ ਤਾਂ ਅਸੀਂ ਆਖ ਵੀ ਸਕਦੇ ਹਾਂ ਕਿ ਉਹ ਸਾਡੇ ਆਖੇ ਤੋਂ ਬਾਹਰ ਹਨ। ਪਰ ਤੂੰ ਇਹ ਬਲਾ ਕਿਉਂ ਜਾਣ-ਬੁਝ ਕੇ ਆਪ ਗਲ ਪਾ ਲਈ।

**ਇਹਨਾਂ ਸਤਰਾਂ ਵਿੱਚ ਬਾਗ਼ੀ ਕਿਸ ਨੂੰ ਕਿਹਾ ਗਿਆ ਹੈ?**

(ੳ) ਕਿਸ਼ਨ ਸਿੰਘ (ਅ) ਸ਼ਰਨ ਕੌਰ

(ੲ) ਲਾਜ (ਸ) ਵੀਰਾਂਵਾਲੀ

**(2)** ਵੀਰੋ ਤਾਂ ਝੱਟ ਅੰਦਰ ਜਾ ਵੜੀ, ਪਰ ਅਜਮੇਰ ਡੱਟ ਕੇ ਖੜੋ ਗਿਆ ਤੇ ਸਿਪਾਹੀਆਂ ਵਾਂਗ ਕਮਰ ਉੱਤੇ ਦੋਵੇਂ ਹੱਥ ਰੱਖ ਕੇ ਕਹਿਣ ਲੱਗਾ, "ਆ ਲੈਣ ਦੇ ਫੇਰ।"

**ਵੀਰੋ ਤੇ ਅਜਮੇਰ ਦਾ ਕੀ ਰਿਸ਼ਤਾ ਹੈ—**

(ੳ) ਭੈਣ-ਭਰਾ (ਅ) ਪਤੀ-ਪਤਨੀ

(ੲ) ਗੁਆਂਢੀ (ਸ) ਦੋਸਤੀ

*(3) 'ਜੋ, ਜੀ, ਜਿਸ ਕਾਰਨ ਤੁਮ ਬਰਤ ਨੇਮ ਸੰਜਮ ਕਰਦੇ ਹੋ, ਸੋ ਵਸਤ ਮੈਂ ਪਾਈ ਹੈ। ਕਿਆ ਵਰਤ ਨੇਮ ਕਰਉ?*

***ਮਨਸੁਖ ਬਾਣੀਏ ਨੇ ਕਿਹੜੀ ਵਸਤ ਪ੍ਰਾਪਤ ਕਰ ਲਈ ਹੈ?***

(ੳ) ਧਨ (ਅ) ਹੀਰੇ-ਜਵਾਹਰਾਤ

(ੲ) ਪਰਮੇਸਰ (ਸ) ਪੁੱਤਰ

*(4) ਜੋਗੀ ਜਾਣ ਵੀਟਾਇਆ ਚੀਣਾ, ਚੁਣਿਆ ਹੱਥ ਨਾ ਆਵੈ।*
*ਕੰਡ ਵਲਾਇ ਬੈਠੋਈ ਜੋਗੀ ਚੁਣੇ ਤੇ ਝੂਰੇ ਅਲਾਵੈ॥*

***ਚੀਣਾ ਕਿਸ ਤਰ੍ਹਾਂ ਦਾ ਪਦਾਰਥ ਹੁੰਦਾ ਹੈ?***

(ੳ) ਬਰੀਕ ਅਨਾਜ (ਅ) ਮੋਟਾ ਅਨਾਜ

(ੲ) ਤਰਲ ਪਦਾਰਥ (ਸ) ਠੰਢਾ ਪਦਾਰਥ

*(5) ਉੱਮਲ ਲੱਥੇ ਜੋਧੇ ਮਾਰੂ ਵੱਜਿਆ।*
*ਬੱਦਲ ਜਿਉਂ ਮਹਿਖਾਸੁਰ ਰਣ ਵਿੱਚ ਗੱਜਿਆ*
*ਇੰਦ੍ਰ ਜੇਹਾ ਜੋਧਾ ਮੈਥੋਂ ਭੱਜਿਆ।*
*ਕਉਣ ਵਿਚਾਰੀ ਦੁਰਗਾ ਜਿਨਿ ਰਣ ਸੱਜਿਆ।*

***ਮਹਿਖਾਸੁਰ ਕਿਵੇਂ ਗੱਜਿਆ?***

(ੳ) ਬਿਜਲੀ ਵਾਂਗ (ਅ) ਬੱਦਲ ਵਾਂਗ

(ੲ) ਰਾਖ਼ਸ਼ ਵਾਂਗ (ਸ) ਇੰਦ੍ਰ ਵਾਂਗ

*(6) ਮਜ਼ਲੂਮ ਉੱਤੇ ਰਹਿਮ ਨੇ ਗਫ਼ੂਰ ਦੇ ਦਿਲ ਵਿੱਚ ਜ਼ਾਲਮ ਉੱਤੇ ਰਹਿਮ ਕਰਨ ਦਾ ਜਜ਼ਬਾ ਭਰਿਆ।*

***ਇਹਨਾਂ ਸਤਰਾਂ ਵਿੱਚ ਮਜ਼ਲੂਮ ਅਤੇ ਜ਼ਾਲਮ ਕੌਣ ਹਨ?***

(ੳ) ਗਫ਼ੂਰ ਅਤੇ ਸਰਦਾਰ (ਅ) ਛੋਟੀ ਕੁੜੀ ਅਤੇ ਤੇਜੋ

(ੲ) ਅਜਮੇਰ ਅਤੇ ਗਫ਼ੂਰ (ਸ) ਛੋਟੀ ਕੁੜੀ ਅਤੇ ਗਫ਼ੂਰ

*(7) ਲਹੌਰ ਸ਼ਹਿਰ ਦੇ ਲੁਹਾਰੀ ਦਰਵੱਜੇ ਚਿੜੀਮਾਰਾਂ ਦੀ ਗਲੀ ਵਿੱਚ ਇੱਕ ਮੂਲਰਾਜ ਨਾਮੇ ਕਪੂਰ ਖੱਤਰੀ ਰਹਿੰਦਾ ਸਾ ਕਿ ਜਿਸ ਦੇ ਘਰ ਤ੍ਰੈ ਨੀਂਗਰ ਸਨ।*

***ਨੀਂਗਰ ਸ਼ਬਦ ਦਾ ਕੀ ਅਰਥ ਹੈ?***

(ੳ) ਜਵਾਈ (ਅ) ਪੁੱਤਰ

(ੲ) ਧੀਆਂ (ਸ) ਨੂੰਹਾਂ

*(8) ਪਾਉਲੇ ਧੇਲੀ ਦੀ ਤਾਸ਼ ਨਾਲ ਪਰਚ ਰਹੇ ਬੰਦਿਆਂ ਨੂੰ ਵੇਖੋ ਕਿਵੇਂ ਪੱਤਿਆਂ ਦੇ ਚਿਟਕਣਿਆਂ ਤੇ ਮੂਰਤਾਂ ਵਿੱਚ ਮਗਨ ਹੋ ਕੇ ਮਸਤ ਬੈਠੇ ਜੰਗੀ ਮੁਕਾਬਲੇ, ਜਿੱਤ ਹਾਰ ਤੇ ਸਰਾਂ ਦੀਆਂ ਦੌਲਤਾਂ ਦੇ ਧੰਦੇ ਵਿੱਚ ਆਪਣੀ ਖਿਆਲੀ ਦੁਨੀਆਂ ਵਿੱਚ ਘੋਲ ਕਰ ਰਹੇ ਹਨ ਤੇ ਹੇਠ ਉੱਤੇ ਹੋ ਰਹੇ ਹਨ ਤੇ ਉੱਛਲ-ਉੱਛਲ ਪੈਂਦੇ ਹਨ।*

***ਪਾਉਲੇ ਧੇਲੀ ਦਾ ਅਰਥ ਹੈ—***

(ੳ) ਪੰਜਾਹ ਪੈਸੇ ਅਤੇ ਇਕ ਰੁਪਈਆ (ਅ) ਪੰਜਾਹ ਰੁਪਏ

(ੲ) ਪੱਚੀ ਰੁਪਏ (ਸ) ਪੱਚੀ ਪੈਸੇ ਅਤੇ ਪੰਜਾਹ ਪੈਸੇ

*(9) ਗਏ ਟੁੱਟ ਸਤਰਾਣ ਤੇ ਅਕਲ ਡੁੱਬੀ, ਮੇਰੇ ਧੁੱਖ ਕਲੇਜੜੇ ਪਈ ਜੇ ਨੀ।*
*ਕੀਕੂੰ ਕੰਨ ਪੜਾਇ ਕੇ ਜੀਂਵਦਾ ਹੈ, ਗੱਲਾਂ ਸੁਣਦਿਆਂ ਹੀ ਜਿੰਦ ਗਈ ਜੇ ਨੀ।*

***ਇਹਨਾਂ ਸਤਰਾਂ ਅਨੁਸਾਰ ਕੌਣ ਪੜਵਾ ਕੇ ਜੀ ਰਿਹਾ ਹੈ?***

(ੳ) ਰਾਂਝਾ | (ਅ) ਵਾਰਿਸਸ਼ਾਹ

(ੲ) ਦਮੋਦਰ | (ਸ) ਮਜਨੂੰ

*(10) ਗੁਲ ਤੇ ਖ਼ਾਰ ਪੈਦਾਇਸ਼ ਇਸ ਬਾਗ਼ ਚਮਨ ਦੇ ਦੋਵੇਂ।*

*ਇੱਕ ਸ਼ਬ ਉਮਰ ਗੁਲਾਂ ਦੀ ਓੜਕ ਅਤੇ ਖਾਰ ਰਹੇ ਨਿੱਤ ਓਵੇਂ।*

***ਗੁਲ ਤੇ ਖ਼ਾਰ ਤੋਂ ਕੀ ਭਾਵ ਹੈ—***

(ੳ) ਦੁੱਧ ਅਤੇ ਪਾਣੀ | (ਅ) ਫੁੱਲ ਅਤੇ ਕੰਢਾ

(ੲ) ਪੇੜ ਅਤੇ ਪੌਧਾ | (ਸ) ਘਾਹ ਅਤੇ ਬੂਟਾ

## (ਸ) ਲਿਖਤੀ

**5+5=10**

*(1) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ '**ਭਾਰਤ ਵਿੱਚ ਗਰੀਬੀ**' ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਗਰੀਬੀ ਦੇ ਕਾਰਨ*   ** ਬਹੁਤੀ ਜਨਸੰਖਿਆ*

** ਸਾਧਨਾਂ ਦੀ ਘਾਟ*   ** ਸਿੱਖਿਆ ਦੀ ਕਮੀ*   ** ਸ੍ਵੈ ਰੋਜ਼ਗਾਰ ਦੇ ਮੌਕਿਆਂ ਦੀ ਘਾਟ*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ '**ਸਮਾਜ ਸੇਵਕਾ—ਮਦਰ ਟੈਰੇਸ**' ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਜਾਣ-ਪਛਾਣ*   ** ਜੀਵਨ ਵੇਰਵਾ*

** ਸਮਾਜ ਸੇਵਾ ਦੇ ਖੇਤਰ*   ** ਉਪਾਧੀ ਤੇ ਸਨਮਾਨ*   ** ਚਲਾਣਾ*

*(2) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ **ਆਪਣੇ ਮਾਮਾ ਜੀ ਨੂੰ** ਉਹਨਾਂ ਦੇ ਪੁੱਤਰ ਦੀ ਪਿਛਲੇ ਹਫ਼ਤੇ ਹੋਈ ਮੰਗਣੀ 'ਤੇ ਵਧਾਈ ਪੱਤਰ ਲਿਖੋ।*

**ਨੁਕਤੇ—**

** ਆਪਣਾ ਹਾਲ-ਚਾਲ ਦੱਸਣਾ ਅਤੇ ਮਾਮਾ ਜੀ ਦੇ ਪਰਿਵਾਰ ਦਾ ਹਾਲ ਪੁੱਛਣਾ*

** ਮਾਮਾ ਜੀ ਦੇ ਪੁੱਤਰ ਦੀ ਮੰਗਣੀ ਸਮੇਂ ਨਾ ਪਹੁੰਚਣ ਦਾ ਕਾਰਨ*

** ਮੰਗਣੀ ਤੇ ਪੂਰੇ ਪਰਿਵਾਰ ਨੂੰ ਵਧਾਈ*

** ਵਿਆਹ ਸਮੇਂ ਜ਼ਰੂਰ ਪਹੁੰਚਣ ਦੀ ਇੱਛਾ ਦੱਸਣੀ*

** ਪਰਿਵਾਰ ਨੂੰ ਸਤਿ ਸ੍ਰੀ ਅਕਾਲ ਅਤੇ ਛੋਟਿਆਂ ਨੂੰ ਪਿਆਰ*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ **ਆਪਣੇ ਪਿਤਾ ਜੀ ਨੂੰ** ਪੱਤਰ ਲਿਖ ਕੇ ਦੱਸੋ ਕਿ ਸਕੂਲੀ ਪੜ੍ਹਾਈ ਤੋਂ ਬਾਅਦ ਤੁਸੀਂ ਕੀ ਕਰਨਾ ਚਾਹੁੰਦੇ ਹੋ।*

**ਨੁਕਤੇ—**

** ਆਪਣਾ ਹਾਲ-ਚਾਲ ਦੱਸਣਾ ਅਤੇ ਪਿਤਾ ਜੀ ਤੇ ਪਰਿਵਾਰ ਦਾ ਹਾਲ ਪੁੱਛਣਾ*

** ਆਪਣੇ ਜੀਵਨ-ਉਦੇਸ਼ ਬਾਰੇ ਪਿਤਾ ਜੀ ਨੂੰ ਜਾਣੂ ਕਰਾਉਣਾ।*

** ਜੀਵਨ ਉਦੇਸ਼ ਦੀ ਪੂਰਤੀ ਲਈ ਉਚੇਰੀ ਸਿੱਖਿਆ ਪ੍ਰਾਪਤੀ ਦੀ ਇੱਛਾ*

** ਉਦੇਸ਼ ਪ੍ਰਾਪਤੀ ਦੀ ਪੂਰਤੀ ਲਈ ਆਰਥਿਕ ਅਤੇ ਪਰਿਵਾਰਕ ਸਹਿਯੋਗ ਦੀ ਆਸ*

** ਪਰਿਵਾਰ ਨੂੰ ਸਤਿ ਸ੍ਰੀ ਅਕਾਲ ਅਤੇ ਛੋਟਿਆਂ ਨੂੰ ਪਿਆਰ*

# ਉੱਤਰ

## (ANSWER KEY)

**(ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ)**

| | | | |
|---|---|---|---|
| 1. | (1) ੲ | 2. | (1) ੳ |
| | (2) ੲ | | (2) ਸ |
| | (3) ੲ | | (3) ੲ |
| | (4) ਸ | | (4) ੳ |
| | (5) ਅ | | (5) ੳ |

**(ਅ) ਵਿਆਕਰਨ**

| | | | | | |
|---|---|---|---|---|---|
| 1. | (*i*) ਸ | 3. | (*i*) ਸ | 5. | (*i*) ਅ |
| | (*ii*) ੳ | | (*ii*) ਅ | | (*ii*) ਅ |
| | (*iii*) ੲ | | (*iii*) ਅ | | (*iii*) ਸ |
| | (*iv*) ੳ | | (*iv*) ੲ | | (*iv*) ੲ |
| 2. | (*i*) ਸ | 4. | (*i*) ੲ | | |
| | (*ii*) ੲ | | (*ii*) ਅ | | |
| | (*iii*) ੲ | | (*iii*) ਸ | | |
| | (*iv*) ੲ | | (*iv*) ੲ | | |

**(ੲ) ਪਾਠ ਪੁਸਤਕਾਂ ਤੇ ਆਧਾਰਿਤ —— (1. ਛੋਟੇ ਉੱਤਰ ਵਾਲੇ ਪ੍ਰਸ਼ਨ ਅਤੇ ਲੰਮੇ ਉੱਤਰ ਵਾਲੇ ਪ੍ਰਸ਼ਨ)**

4. ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ

| | | | |
|---|---|---|---|
| (1) ੳ | (2) ੳ | (3) ੲ | (4) ਅ |
| (5) ਅ | (6) ਅ | (7) ਅ | (8) ਸ |
| (9) ੳ | (10) ਅ | | |

**(ਸ) ਲਿਖਤੀ (ਲੇਖ ਅਤੇ ਪੱਤਰ)**